**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,**

ਬਲਾਕ-ਈ ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ

---

ਨੰ. ਸਸਸ/2017/0487 ਮਿਤੀ: 27-09-2017

ਵਿਸ਼ਾ:- ਸਕੂਲ ਲੈਕਚਰਾਰਾਂ/ਮਾਸਟਰ/ਅਧਿਆਪਕਾਂ ਲਈ ਤਿਆਰ ਕੀਤੇ ਗਏ ਨਵੇਂ ਏ.ਸੀ.ਆਰ. ਪ੍ਰੋਫਾਰਮੇ 'ਤੇ ਸੁਝਾਅ ਭੇਜਣ ਸਬੰਧੀ।

ਵਿਭਾਗ ਨੂੰ ਬਹੁਤ ਸਾਰੇ ਅਧਿਆਪਕਾਂ ਅਤੇ ਅਧਿਆਪਕ ਜੱਥੇਬੰਦੀਆਂ ਵੱਲੋਂ ਮੌਜੂਦਾ ਏ.ਸੀ.ਆਰ. ਪ੍ਰੋਫਾਰਮੇ ਸਬੰਧੀ ਬਹੁਤ ਸਾਰੀਆਂ ਊਣਤਾਈਆਂ ਦੂਰ ਕਰਦੇ ਹੋਏ ਬੇਹਤਰ ਅਤੇ ਤਰਕਸੰਗਤ ਬਣਾਉਣ ਹਿੱਤ ਸੁਝਾਅ ਪ੍ਰਾਪਤ ਹੋ ਰਹੇ ਹਨ, ਜਿਸ ਦੇ ਸਨਮੁੱਖ ਵਿਭਾਗ ਵੱਲੋਂ ਇੱਕ ਕਮੇਟੀ ਦਾ ਗਠਨ ਕਰਕੇ ਅਧਿਆਪਕਾਂ ਦੀਆਂ ਮੌਜੂਦਾ ਏ.ਸੀ.ਆਰ. ਨੂੰ ਰੀਵਿਊ ਕਰਨ ਉਪਰੰਤ ਨਵੀਂ ਏ.ਸੀ.ਆਰ. ਤਿਆਰ ਕਰਨ ਦਾ ਕਾਰਜ ਸੌਂਪਿਆ ਗਿਆ ਸੀ। ਕਮੇਟੀ ਵੱਲੋਂ ਤਿਆਰ ਕੀਤੇ ਗਏ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਏ.ਸੀ.ਆਰਾਂ ਤਿਆਰ ਕੀਤੀਆਂ ਗਈਆਂ ਹਨ।

ਨਵੀਆਂ ਏ.ਸੀ.ਆਰਾਂ ਵਿੱਚ ਅਧਿਆਪਕ ਦੁਆਰਾ ਕੀਤੇ ਜਾ ਰਹੇ ਅਧਿਆਪਨ ਕਾਰਜ ਦੀ ਗੁਣਵੱਤਾ ਨੂੰ ਵਧੇਰੇ ਮਹਤੱਤਾ ਦਿੱਤੀ ਗਈ ਹੈ, ਕਿਉਂਕਿ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕ ਜੋ ਕਿ ਵੱਖ-ਵੱਖ ਸਕੂਲ ਪੱਧਰ ਦਾ ਕਾਰਜ ਕਰ ਰਹੇ ਹਨ ਦੇ ਅਧਿਆਪਨ ਕਾਰਜ ਤਹਿਤ ਕੀਤੀਆਂ ਜਾਂਦੀਆਂ ਗਤੀਆਂ ਵਿਧੀਆਂ ਅਲੱਗ ਅਲੱਗ ਹਨ, ਇਸ ਲਈ ਉਨ੍ਹਾਂ ਵੱਲੋਂ ਕੀਤੇ ਜਾਂਦੇ ਕਾਰਜ ਦੀ ਪ੍ਰਕ੍ਰਿਤੀ ਨੂੰ ਧਿਆਨ 'ਚ ਰੱਖ ਕੇ ਉਨ੍ਹਾਂ ਲਈ ਵੱਖ-ਵੱਖ ਏ.ਸੀ.ਆਰ. ਪ੍ਰੋਫਾਰਮੇ ਤਿਆਰ ਕੀਤੇ ਗਏ ਹਨ। ਨਵੇਂ ਈ.ਸੀ.ਆਰ.ਪ੍ਰੋਫਾਰਮੇ ਨੂੰ ਆਨਲਾਈਨ ਕਰਨ ਹਿੱਤ ਵਿਭਾਗ ਵੱਲੋਂ ਸਾਫਟਵੇਅਰ ਤਿਆਰ ਕੀਤਾ ਜਾ ਰਿਹਾ ਹੈ। ਵਿਭਾਗ ਵੱਲੋਂ ਗਠਿਤ ਕਮੇਟੀ ਵੱਲੋਂ ਤਿਆਰ ਕੀਤੇ ਗਏ ਏ.ਸੀ.ਆਰ.ਪ੍ਰੋਫਾਰਮੇ ਨੂੰ ਵੈਬਸਾਈਟ 'ਤੇ ਅਪਲੋਡ ਕਰਕੇ ਅਧਿਆਪਕ/ਅਧਿਆਪਕ ਜੱਥੇਬੰਦੀਆਂ ਤੋਂ ਈ-ਮੇਲ ਆਈ.ਡੀ. newacrs2017@gmail.com 'ਤੇ ਮਿਤੀ 06-10-2017 ਤੱਕ ਸੁਝਾਅ ਮੰਗੇ ਜਾਂਦੇ ਹਨ।

26/9/17

ਡਾਇਰੈਕਟਰ

ਸਿੱਖਿਆ ਵਿਭਾਗ (ਸੈ.ਸਿ.)